# ਨੈਪੋਲੀਅਨ ਦੇ ਅੰਦਰੂਨੀ ਸੁਧਾਰ

## (Internal Reforms of Napoleon)

OR

## ਨੈਪੋਲੀਅਨ ਦੇ ਲੋਕ ਨਿਰਮਾਣ ਦੇ ਕੰਮ ਤੇ ਕੋਡ।

ਕੌਂਸਲੇਟ ਦਾ ਸ਼ਾਸਨ ਕਾਲ ਨੈਪੋਲੀਅਨ ਦਾ ਫਰਾਂਸੀਸੀ ਕ੍ਰਾਂਤੀ ਦੇ ਵਿਕਾਸ ਵਿੱਚ ਮਹਾਨ ਤੇ ਚਿਰ ਸਥਾਈ ਯੋਗਦਾਨ ਦਾ ਸਮਾਂ ਸੀ। 1789 ਈ: ਤੋਂ 1799 ਈ: ਤੱਕ ਫਰਾਂਸ ਦੀਆਂ ਭਿੰਨ ਭਿੰਨ ਸਰਕਾਰਾਂ ਨੇ ਫਰਾਂਸ ਦੀ ਪੁਰਾਤਨ ਅਵਸਥਾ ਦਾ ਅੰਤ ਕਰ ਦਿੱਤਾ ਸੀ, ਪਰ ਕੋਈ ਵੀ ਸਰਕਾਰ ਵਿਦੇਸ਼ੀ ਯੁੱਧਾਂ ਤੇ ਅੰਦਰੂਨੀ ਵਿਦਰੋਹਾਂ ਦੇ ਕਾਰਨ ਫਰਾਂਸ ਦੀਆਂ ਅੰਦਰੂਨੀ ਸਮੱਸਿਆਵਾਂ ਨੂੰ ਹੱਲ ਨਹੀਂ ਕਰ ਸਕੀ ਸੀ, ਤੇ ਨਾ ਹੀ ਕੋਈ ਲੋਕ ਭਲਾਈ ਦੇ ਕੰਮ ਹੋਏ ਸਨ। ਕ੍ਰਾਂਤੀ ਦੇ ਉੱਚੇ ਸਿਧਾਂਤਾਂ ਦੇ ਨਾਂ ਉੱਤੇ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਨੈਪੋਲੀਅਨ ਦਾ ਉਦੇਸ਼ ਫਰਾਂਸ ਵਿੱਚ ਸ਼ਾਂਤੀ ਸਥਾਪਿਤ ਕਰਨਾ ਅਤੇ ਨਵਾਂ ਸਮਾਜਿਕ ਤੇ ਆਰਥਿਕ ਢਾਂਚਾ ਸਥਾਪਤ ਕਰਕੇ ਦੇਸ਼ ਵਾਸੀਆਂ ਦੇ ਜ਼ਖਮਾਂ ਉੱਤੇ ਮੱਲ੍ਹਮ ਲਗਾਉਣਾ ਚਾਹੁੰਦਾ ਸੀ। ਨੈਪੋਲੀਅਨ ਨੇ ਆਪਣੇ ਪੰਜ ਸਾਲਾਂ ਦੇ ਛੋਟੇ ਜਿਹੇ ਸਮੇਂ (1799 ਈ: ਤੋਂ 1804 ਈ:) ਵਿੱਚ ਰਾਜ ਪ੍ਰਬੰਧ ਦੇ ਹਰ ਖੇਤਰ ਵਿੱਚ ਅਨੇਕਾਂ ਸ਼ਲਾਘਾਯੋਗ ਸੁਧਾਰ ਕੀਤੇ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. **ਸਮਾਨਤਾ ਦਾ ਸਿਧਾਂਤ ਲਾਗੂ ਕਰਨਾ:-** ਫਰਾਂਸ ਦੀ ਕ੍ਰਾਂਤੀ ਦੇ ਸਮੇਂ ਸੁਤੰਤਰਤਾ ਤੇ ਸਮਾਨਤਾ ਦੇ ਸਿਧਾਂਤ ਮੁੱਖ ਸਨ। ਨੈਪੋਲੀਅਨ

Scanned with Cam

ਰੂਸੋ ਦੇ ਸੁਤੰਤਰਤਾ ਦੇ ਸਿਧਾਂਤ ਤੋਂ ਕਾਫ਼ੀ ਪ੍ਰਭਾਵਿਤ ਸੀ। ਪਰ ਬਾਅਦ ਵਿੱਚ ਉਸਨੇ ਸੋਚਿਆ ਕਿ ਸੁਤੰਤਰਤਾ ਨੇ ਲੋਕਾਂ ਨੂੰ ਕਾਫ਼ੀ ਕਸ਼ਟ ਦਿੱਤੇ ਹਨ। ਇਸ ਕਰਕੇ ਉਹ ਸਮਾਨਤਾ ਦਾ ਸਮਰਥਕ ਬਣ ਗਿਆ। ਉਸਨੇ ਫਰਾਂਸੀਸੀਆਂ ਨੂੰ ਸਮਾਨਤਾ ਦੇਣ ਲਈ ਬਹੁਤ ਸਾਰੇ ਸੁਧਾਰ ਕੀਤੇ।

- ਪਦਾਂ ਦੇ ਸਬੰਧ ਵਿੱਚ ਸਮਾਨਤਾ :- ਨੈਪੋਲੀਅਨ ਨੇ ਜਨਮ, ਧਨ ਅਤੇ ਧਰਮ ਦੇ ਅੰਤਰ ਨੂੰ ਖਤਮ ਕਰਕੇ ਸਭ ਨੂੰ ਸਮਾਨਤਾ ਦੇ ਅਧਿਕਾਰ ਦੇਣ ਦਾ ਅਵਸਰ ਪ੍ਰਦਾਨ ਕੀਤਾ। ਹਰ ਆਦਮੀ ਆਪਣੀ ਯੋਗਤਾ, ਵਫ਼ਾਦਾਰੀ, ਸੇਵਾ ਅਤੇ ਮਿਹਨਤ ਦੇ ਆਧਾਰ ਉੱਤੇ ਉੱਚੇ ਤੋਂ ਉੱਚੇ ਅਹੁਦੇ ਤੱਕ ਪਹੁੰਚ ਸਕਦਾ ਸੀ। ਨੈਪੋਲੀਅਨ ਨੇ ਕਿਸੇ ਨਾਲ ਵੀ ਕੋਈ ਪੱਖ-ਪਾਤ ਨਾ ਕੀਤਾ। ਉਸਦੇ ਵੱਡੇ ਵੱਡੇ ਜਰਨੈਲ ਸਧਾਰਨ ਪਰਿਵਾਰਾਂ ਨਾਲ ਸਬੰਧ ਰੱਖਦੇ ਸਨ।
- ਵਿਸ਼ੇਸ਼ ਅਧਿਕਾਰ ਖ਼ਤਮ :- ਫਰਾਂਸ ਵਿੱਚ ਜ਼ਗੀਰਦਾਰੀ, ਪਾਦਰੀ ਤੇ ਤੀਜੀ ਸ਼੍ਰੇਣੀ ਦੇ ਭੇਦ-ਭਾਵ ਖਤਮ ਕਰ ਦਿੱਤੇ ਗਏ। ਹੁਣ ਸਰਕਾਰ ਅੱਗੇ ਸਾਰੇ ਫਰਾਂਸ ਵਾਸੀ ਬਰਾਬਰ ਸਨ।
- ਅਣਉਚਿੱਤ ਕਰਾਂ ਦਾ ਅੰਤ :- ਨੈਪੋਲੀਅਨ ਨੇ ਲੋਕਾਂ ਦੇ ਅਣਉਚਿੱਤ ਕਰਾਂ ਦਾ ਅੰਤ ਕਰ ਦਿੱਤਾ। ਕਰਾਂ ਵਿੱਚ ਇਕਸਾਰਤਾ ਲਿਆਂਦੀ ਗਈ। ਹੁਣ ਸਭ ਨੂੰ ਬਰਾਬਰ ਕਰ ਦੇਣੇ ਪੈਂਦੇ ਸਨ।
- ਵਪਾਰ, ਉਦਯੋਗ ਤੇ ਸਿੱਖਿਆ ਦੇ ਸਮਾਨ ਅਧਿਕਾਰ :- ਨੈਪੋਲੀਅਨ ਨੇ ਫਰਾਂਸ ਵਿੱਚ ਸਾਰੇ ਲੋਕਾਂ ਨੂੰ ਵਪਾਰ, ਉਦਯੋਗ ਤੇ ਸਿੱਖਿਆ ਦੇ ਸਮਾਨ ਅਧਿਕਾਰ ਤੇ ਸਹੂਲਤਾਂ ਦਿੱਤੀਆਂ। ਸਮਾਜ ਵਿੱਚ ਕੋਈ ਵੀ ਇੱਕ ਸ਼੍ਰੇਣੀ ਦੂਜੀ ਸ਼੍ਰੇਣੀ ਦੇ ਅਧੀਨ ਨਹੀਂ ਸਨ।

ਨੂ ਸਥਾਨਕ ਸਾਸ਼ਨ ਵਿੱਚ ਸੁਧਾਰ (Reforms in the Local Administra-tion):-

sbp Where Life Changes
Scanned with Cam

ਨੈਪੋਲੀਅਨ ਦਾ ਵਿਸ਼ਵਾਸ਼ ਸੀ ਕਿ ਕੇਂਦਰ ਸਰਕਾਰ ਦੀ ਸਫਲਤਾ, ਸਥਾਨਕ ਸ਼ਾਸਨ ਦੀ ਕਾਰਜ ਕੁਸ਼ਲਤਾ ਉੱਤੇ ਨਿਰਭਰ ਕਰਦੀ ਹੈ। ਇਸ ਨੀਤੀ ਉੱਤੇ ਚਲਦਿਆਂ ਉਸ ਨੇ ਕ੍ਰਾਂਤੀ ਕਾਲ ਦੀ ਪ੍ਰਸ਼ਾਸਨਿਕ ਢੰਗ ਨੂੰ ਜਾਰੀ ਰੱਖਿਆ ਪਰ ਸਥਾਨਕ ਅਧਿਕਾਰੀਆਂ ਦੀ ਚੋਣ ਵਿਵਸਥਾ ਦਾ ਅੰਤ ਕਰ ਦਿੱਤਾ ਗਿਆ। 17 ਫਰਵਰੀ 1800 ਈ: ਦੇ ਸਥਾਨਕ ਸ਼ਾਸਨ ਸਬੰਧੀ ਪਾਸ ਹੋਏ ਐਕਟ ਅਨੁਸਾਰ ਫਰਾਂਸ ਨੂੰ 102 ਪ੍ਰਾਂਤਾਂ ਜਾਂ ਡਿਪਾਰਟਮੈਂਟਾਂ ਵਿੱਚ ਵੰਡਿਆ ਗਿਆ। ਜਿਸ ਵਿੱਚ ਪ੍ਰੀਫੈਕਟ (Prefect) ਨਿਯੁਕਤ ਕੀਤੇ ਗਏ। ਪ੍ਰਾਂਤਾਂ ਜਾਂ ਡਿਪਾਰਟਮੈਂਟਾਂ ਨੂੰ ਅੱਗੇ ਜ਼ਿਲ੍ਹਿਆਂ ਵਿੱਚ ਵੰਡਿਆ ਗਿਆ। ਜ਼ਿਲ੍ਹਿਆਂ ਵਿੱਚ ਉਪ-ਪ੍ਰੀਫੈਕਟ (Sub-Prefect) ਨਿਯੁਕਤ ਕੀਤੇ ਗਏ। ਹਰ ਕੰਮਿਊਨ ਜਾਂ ਛੋਟੇ ਨਗਰ ਵਿੱਚ ਮੇਅਰ (Mayor) ਨਿਯੁਕਤ ਕੀਤੇ ਗਏ। ਇਨ੍ਹਾਂ ਸਾਰੇ ਸਥਾਨਕ ਅਧਿਕਾਰੀਆਂ ਦੀ ਨਿਯੁਕਤੀ ਪਹਿਲੇ ਕੌਂਸਲ ਦੁਆਰਾ ਕੀਤੀ ਜਾਂਦੀ ਸੀ ਅਤੇ ਇਨ੍ਹਾਂ ਅਧਿਕਾਰੀਆਂ ਨੂੰ ਬਹੁਤ ਸਾਰੇ ਅਧਿਕਾਰ ਤੇ ਸ਼ਕਤੀਆਂ ~~ਬ~~ ਦਿੱਤੀਆਂ ਗਈਆਂ। ਇਨ੍ਹਾਂ ਅਧਿਕਾਰੀਆਂ ਦੀ ਨਿਯੁਕਤੀ ਯੋਗਤਾ, ਤਜ਼ਰਬੇ ਤੇ ਪਹਿਲੇ ਕੌਂਸਲ ਪ੍ਰਤੀ ਵਫਾਦਾਰੀ ਦੇ ਆਧਾਰ ਉੱਤੇ ਕੀਤੀ ਜਾਂਦੀ ਸੀ। ਨਵੇਂ ਪ੍ਰਸ਼ਾਸਨ ਅਧੀਨ ਕੇਂਦਰੀ ਹੁਕਮਾਂ ਦੀ ਪਾਲਣਾ ਦੇਸ਼ ਵਿੱਚ ਤੁਰੰਤ ਤੇ ਨਿਰੰਤਰ ਰੂਪ ਵਿੱਚ ਹੋਣ ਲੱਗੀ। ਫਰਾਂਸ ਵਾਸੀਆਂ ਨੂੰ ਲੰਮੇ ਸਮੇਂ ਪਿੱਛੋਂ ਕੁਸ਼ਲ ਸ਼ਾਸਨ ਦੀ ਪ੍ਰਾਪਤੀ ਹੋਈ।

3. ਆਰਥਿਕ ਸੁਧਾਰ (Economic Reforms) :- ਨੈਪੋਲੀਅਨ ਨੇ ਫਰਾਂਸ ਵਿੱਚ ਬਹੁਤ ਸਾਰੇ ਆਰਥਿਕ ਸੁਧਾਰ ਕੀਤੇ। ਲੂਈ ਪੰਦਰ੍ਹਵੇਂ ਤੇ ਲੂਈ ਸੋਲ੍ਹਵੇਂ ਦੇ ਸ਼ਾਸਨ ਕਾਲ ਵਿੱਚ ਜੰਗਾਂ ਵਿੱਚ ਹਿੱਸਾ ਲੈਣ ਕਾਰਨ ਅਤੇ ਫਜ਼ੂਲ ਖਰਚੇ ਕਾਰਨ ਫਰਾਂਸ ਦੀ ਆਰਥਿਕ ਹਾਲਤ ਬਹੁਤ ਵਿਗੜ

sbp
Scanned with Cam

Date:
S M T W T F S

ਗਈ ਸੀ। ਆਰਥਿਕ ਖੇਤਰ ਵਿੱਚ ਨੈਪੋਲੀਅਨ ਨੇ ਪੁਰਾਣੀ ਸ਼ਾਸਨ ਵਿਵਸਥਾ ਦੇ ਉਨ੍ਹਾਂ ਸਾਰੇ ਦੋਸ਼ਾਂ ਨੂੰ ਖਤਮ ਕਰ ਦਿੱਤਾ, ਜਿਨ੍ਹਾਂ ਨੇ 1789 ਈ: ਦੀ ਫਰਾਂਸੀਸੀ ਕ੍ਰਾਂਤੀ ਨੂੰ ਜਨਮ ਦਿੱਤਾ।

- ਕਰਾਂ ਵਿੱਚ ਇਕਸਾਰਤਾ ਲਿਆਂਦੀ ਗਈ ਅਤੇ ਹਰ ਵਿਅਕਤੀ ਦੀ ਸਮਰੱਥਾ ਅਨੁਸਾਰ ਕਰ ਦੇਣ ਦੀ ਵਿਵਸਥਾ ਕੀਤੀ ਗਈ। ਕਰਾਂ ਦੇ ਨਿਰਧਾਰਨ ਤੇ ਵਸੂਲੀ ਲਈ ਯੋਗ ਅਫ਼ਸਰਾਂ ਦੀ ਨਿਯੁਕਤੀ ਕੀਤੀ ਗਈ। ਕਰਾਂ ਦੀ ਵਸੂਲੀ ਉੱਤੇ ਕਰੜੀ ਨਿਗਰਾਨੀ ਦਾ ਪ੍ਰਬੰਧ ਕੀਤਾ ਗਿਆ। ਜਿਸ ਨਾਲ ਆਮਦਨੀ ਵਿੱਚ ਬਹੁਤ ਵਾਧਾ ਹੋਇਆ
- ਨੈਪੋਲੀਅਨ ਫਜ਼ੂਲ ਖਰਚੀ ਦੇ ਬਹੁਤ ਖਿਲਾਫ਼ ਸੀ। ਉਸਨੇ ਫਜ਼ੂਲ ਖਰਚ ਤੇ ਰਿਸ਼ਵਤ ਖੋਰ ਅਧਿਕਾਰੀਆਂ ਲਈ ਸਖਤ ਸਜ਼ਾਵਾਂ ਮੁਕੱਰਰ ਕਰ ਦਿੱਤੀਆਂ। ਰਾਜ ਪ੍ਰਬੰਧ ਦਾ ਖਰਚਾ ਘਟਾਇਆ ਗਿਆ ਅਤੇ ਸਰਕਾਰੀ ਅਧਿਕਾਰੀਆਂ ਨੂੰ ਬੱਚਤ ਕਰਨ ਦੀ ਪ੍ਰੇਰਣਾ ਦਿੱਤੀ ਗਈ।
- ਨੈਪੋਲੀਅਨ ਨੇ 1800 ਈ: ਵਿੱਚ ਫਰਾਂਸ ਦੇ 'ਰਾਸ਼ਟਰੀ ਬੈਂਕ' (Bank of France) ਦੀ ਸਥਾਪਨਾ ਕੀਤੀ। ਇਸ ਬੈਂਕ ਵੱਲੋਂ ਘੱਟ ਵਿਆਜ ਤੇ ਕਰਜ਼ੇ ਦਿੱਤੇ ਜਾਂਦੇ ਸਨ। ਜਿਸ ਕਾਰਨ ਫਰਾਂਸ ਵਿੱਚ ਵਪਾਰ ਤੇ ਉਦਯੋਗ ਦਾ ਵਿਕਾਸ ਹੋਇਆ। ਫਰਾਂਸ ਵਿੱਚ ਬੈਂਕ ਦੀ ਸਥਾਪਨਾ ਨੈਪੋਲੀਅਨ ਦੀ ਮਹਾਨ ਦੇਣ ਮੰਨੀ ਜਾਂਦੀ ਹੈ।
- ਲੜਾਈਆਂ ਦੇ ਖਰਚ ਤੋਂ ਦੇਸ਼ ਦੀ ਆਰਥਿਕ ਵਿਵਸਥਾ ਨੂੰ ਸੁਰੱਖਿਅਤ ਰੱਖਣ ਲਈ ਨੈਪੋਲੀਅਨ ਨੇ ਇੱਕ ਵਿਸ਼ੇਸ਼ ਫੰਡ (Extra Ordinary Domain) ਦੀ ਸਥਾਪਨਾ ਕੀਤੀ। ਇਸ ਫੰਡ ਵਿੱਚ ਹਾਰੇ ਹੋਏ ਦੇਸ਼ਾਂ ਤੋਂ ਪ੍ਰਾਪਤ ਕੀਤਾ ਗਿਆ ਧਨ ਜਮ੍ਹਾਂ ਕੀਤਾ ਜਾਂਦਾ ਸੀ ਜੋ ਸਿਰਫ਼

sbp
Where Life Changes
Scanned with Can

ਸੂਬਿਆਂ ਉੱਤੇ ਖਰਚ ਕੀਤਾ ਜਾ ਸਕਦਾ ਸੀ। ਨੈਪੋਲੀਅਨ ਦੀਆਂ ਜਿੱਤਾਂ ਕਰਕੇ ਕਾਫੀ ਧਨ ਅਤੇ ਲੁੱਟਮਾਰ ਦਾ ਸਮਾਨ ਇਸ ਫੰਡ ਵਿੱਚ ਜਮ੍ਹਾਂ ਹੋ ਗਿਆ ਸੀ। ਇਸ ਨਾਲ ਫਰਾਂਸ ਦੀ ਆਰਥਿਕ ਅਵਸਥਾ ਵਿੱਚ ਸੁਧਾਰ ਹੋਇਆ।

- ਨੈਪੋਲੀਅਨ ਨੇ ਖੇਤੀਬਾੜੀ ਦੇ ਵਿਕਾਸ ਲਈ ਵੀ ਯੋਜਨਾਵਾਂ ਬਣਾਈਆਂ। ਕਿਸਾਨਾਂ ਉੱਤੇ ਕਰ ਘਟਾ ਦਿੱਤੇ ਗਏ ਅਤੇ ਉਨ੍ਹਾਂ ਨੂੰ ਆਧੁਨਿਕ ਢੰਗ ਅਪਨਾਉਣ ਲਈ ਉਤਸ਼ਾਹਿਤ ਕੀਤਾ ਗਿਆ।
- ਨੈਪੋਲੀਅਨ ਨੇ ਵਪਾਰ ਦੀ ਉੱਨਤੀ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ। ਉਸਨੇ ਨਵੀਆਂ ਸੜਕਾਂ ਦਾ ਨਿਰਮਾਣ ਕੀਤਾ ਅਤੇ ਬੰਦਰਗਾਹਾਂ ਦਾ ਵਿਕਾਸ ਕੀਤਾ। ਇਸ ਨਾਲ ਦੇਸੀ ਤੇ ਵਿਦੇਸ਼ੀ ਵਪਾਰ ਬਹੁਤ ਪ੍ਰਫੁੱਲਤ ਹੋਇਆ। ਵਪਾਰ ਵਧਣ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਵੀ ਹੱਲ ਹੋਈ। 1802 ਈ. ਵਿੱਚ 'ਚੈਂਬਰ ਆਫ ਕਾਮਰਸ' ਦੀ ਸਥਾਪਨਾ ਕੀਤੀ ਗਈ।

4. ਧਾਰਮਿਕ ਸੁਧਾਰ ਜਾਂ ਪੋਪ ਨਾਲ ਸਮਝੌਤਾ :—

(Religious Reforms or Settlement with Pope):-

ਪਹਿਲੇ ਕਾਂਸਲ ਦੇ ਰੂਪ ਵਿੱਚ ਨੈਪੋਲੀਅਨ ਦਾ 1801 ਈ. ਵਿੱਚ ਰੋਮ ਦੇ ਪੋਪ ਨਾਲ ਸਮਝੌਤਾ ਬਹੁਤ ਹੀ ਮਹੱਤਵਪੂਰਨ ਸਮਝਿਆ ਜਾਂਦਾ ਹੈ, ਕਿਉਂਕਿ ਇਸ ਨਾਲ 1789 ਈ. ਦੀ ਕ੍ਰਾਂਤੀ ਤੋਂ ਸਰਕਾਰ ਅਤੇ ਚਰਚ ਵਿਚਕਾਰ ਚੱਲੀ ਆ ਰਹੀ ਦੁਸ਼ਮਣੀ ਖਤਮ ਹੋ ਗਈ। ਬੇਸ਼ੱਕ ਨੈਪੋਲੀਅਨ ਦਾ ਕੋਈ ਨਿਸ਼ਚਿਤ ਧਰਮ ਨਹੀਂ ਸੀ ਪਰ ਉਸਦਾ ਵਿਸ਼ਵਾਸ ਸੀ ਕਿ ਲੋਕਾਂ ਦਾ ਕੋਈ ਨਾ ਕੋਈ ਧਰਮ ਜ਼ਰੂਰ ਹੋਣਾ ਚਾਹੀਦਾ ਹੈ। ਕਿਉਂਕਿ ਧਰਮ ਤੋਂ ਬਿਨਾਂ ਰਾਜ, 'ਬਿਨਾਂ ਮਲਾਹ ਦੀ ਕਿਸ਼ਤੀ' ਵਾਂਗੂੰ ਹੈ। ਇਸ ਲਈ ਉਸਨੇ 16 ਜੁਲਾਈ 1801 ਈ.

Scanned with Cam

ਵਿੱਚ ਪੋਪ (ਪਿਅਸ ਸੱਤਵਾਂ) ਨਾਲ ਸਮਝੌਤਾ ਕੀਤਾ। ਜਿਸ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

- ਕੈਥੋਲਿਕ ਧਰਮ ਨੂੰ ਫਰਾਂਸ ਦੇ ਬਹੁ ਗਿਣਤੀਆਂ ਲੋਕਾਂ ਦਾ ਧਰਮ ਮੰਨ ਲਿਆ ਗਿਆ।
- ਪੋਪ ਨੇ ਫਰਾਂਸੀਸੀ ਸਰਕਾਰ ਦਾ ਚਰਚ ਦੀ ਭੂਮੀ ਉੱਤੇ ਅਧਿਕਾਰ ਮੰਨ ਲਿਆ।
- ਸਾਰੇ ਉੱਚੇ ਦਰਜੇ ਦੇ ਪਾਦਰੀਆਂ (Bishops) ਦੀ ਨਿਯੁਕਤੀ ਪਹਿਲੇ ਕਾਂਸਲ ਰਾਹੀਂ ਕੀਤੀ ਜਾਵੇਗੀ, ਅੱਗੇ ਇਨ੍ਹਾਂ ਪਾਦਰੀਆਂ ਰਾਹੀਂ ਛੋਟੇ ਪਾਦਰੀਆਂ ਦੀ ਨਿਯੁਕਤੀ ਪਹਿਲੇ ਕਾਂਸਲ ਦੀ ਸਲਾਹ ਨਾਲ ਕੀਤੀ ਜਾਵੇਗੀ।
- ਇਨ੍ਹਾਂ ਸਾਰਿਆਂ ਦੀ ਨਿਯੁਕਤੀ ਨੂੰ ਪੋਪ ਵੱਲੋਂ ਪ੍ਰਵਾਨਗੀ ਦਿੱਤੀ ਜਾਵੇਗੀ।
- ਰਾਜੇ ਨੇ ਪਾਦਰੀਆਂ ਨੂੰ ਸਰਕਾਰੀ ਖਜ਼ਾਨੇ ਵਿੱਚੋਂ ਤਨਖਾਹ ਦੇਣੀ ਪ੍ਰਵਾਨ ਕਰ ਲਈ।
- ਸਾਰੇ ਪਾਦਰੀਆਂ ਨੂੰ ਰਾਜ ਦੇ ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁੱਕਣੀ ਪਵੇਗੀ।
- ਫਰਾਂਸ ਦੇ ਸਾਰੇ ਲੋਕਾਂ ਨੂੰ ਧਾਰਮਿਕ ਸੁਤੰਤਰਤਾ ਦਿੱਤੀ ਜਾਵੇਗੀ ਅਤੇ ਸਰਕਾਰ ਵੱਲੋਂ ਸਾਰੇ ਧਰਮਾਂ ਪ੍ਰਤੀ ਸਹਿਨਸ਼ੀਲਤਾ ਦੀ ਨੀਤੀ ਅਪਣਾਈ ਜਾਵੇਗੀ।
- ਪੋਪ ਦੇ ਹੁਕਮਾਂ (Bulls) ਨੂੰ ਫਰਾਂਸ ਵਿੱਚ ਲਾਗੂ ਕਰਨ ਤੋਂ ਪਹਿਲਾਂ ਫਰਾਂਸੀਸੀ ਸਰਕਾਰ ਦੀ ਪ੍ਰਵਾਨਗੀ ਜ਼ਰੂਰੀ ਹੋਵੇਗੀ।

ਇਸ ਸਮਝੌਤੇ ਨਾਲ ਸਰਕਾਰ ਤੇ ਚਰਚ ਵਿਚਕਾਰ ਕਈ ਸਾਲਾਂ ਤੋਂ ਚੱਲਿਆ ਆ ਰਿਹਾ ਝਗੜਾ ਸਮਾਪਤ ਹੋ ਗਿਆ। ਜਿਨ੍ਹਾਂ ਲੋਕਾਂ ਨੇ ਚਰਚ ਦੀਆਂ ਜ਼ਮੀਨਾਂ ਖਰੀਦੀਆਂ ਸਨ, ਉਹ ਸੁਰੱਖਿਅਤ

Scanned with Cam

Date: S M T W T F

ਹੋ ਗਈਆਂ, ਉਹ ਲੋਕ ਨੈਪੋਲੀਅਨ ਦੇ ਸਮਰਥਕ ਬਣ ਗਏ। ਇਹ ਸਮਝੌਤਾ 1914 ਈ: ਤੱਕ ਸਾਰੀਆਂ ਆਉਣ ਵਾਲੀਆਂ ਸਰਕਾਰਾਂ ਨੇ ਸਵੀਕਾਰ ਕੀਤਾ। ਪਰ ਅਸਲੀ ਰੂਪ ਵਿੱਚ ਨੈਪੋਲੀਅਨ ਅਤੇ ਪੋਪ ਵਿੱਚ ਮੱਤ-ਭੇਦ ਬਣੇ ਰਹੇ। 1804 ਈ ਦੀ ਨੈਪੋਲੀਅਨ ਦੀ ਤਾਜਪੋਸ਼ੀ ਸਮੇਂ ਪੋਪ ਦਾ ਅਪਮਾਨ ਤੇ 1808 ਈ: ਵਿੱਚ ਉਸਦੀ ਗ੍ਰਿਫਤਾਰੀ ਨੇ ਨੈਪੋਲੀਅਨ ਤੇ ਪੋਪ ਦੇ ਸਬੰਧਾਂ ਵਿੱਚ ਵਿਗਾੜ ਪੈਦਾ ਕਰ ਦਿੱਤਾ ਅਤੇ ਕੈਥੋਲਿਕ ਲੋਕ ਨੈਪੋਲੀਅਨ ਦੇ ਵਿਰੁੱਧ ਹੋ ਗਏ।

5. ਨਿਆਂ ਸਬੰਧੀ ਸੁਧਾਰ ਜਾਂ ਨੈਪੋਲੀਅਨ ਦੇ ਕੋਡ :- (Judicial Reforms or code of Napoleon) ਨੈਪੋਲੀਅਨ ਦੀ ਫਰਾਂਸ ਨੂੰ ਚਿਰ ਸਥਾਈ ਤੇ ਸਭ ਤੋਂ ਮਹੱਤਵਪੂਰਣ ਦੇਣ ਕਾਨੂੰਨਾਂ ਦਾ ਸੰਗ੍ਰਹਿ ਕਰਨਾ ਤੇ ਇਸਨੂੰ ਲਿਖਤੀ ਰੂਪ ਦੇਣਾ। ਨੈਪੋਲੀਅਨ ਨੇ ਆਪ ਆਖਿਆ ਸੀ ਕਿ ਮੇਰਾ ਅਸਲੀ ਮਾਣ ਮੇਰੀਆਂ ਜਿੱਤਾਂ ਵਿੱਚ ਨਹੀਂ ਹੈ, ਮੇਰਾ ਅਸਲੀ ਮਾਣ ਸਿਵਲ ਕੋਡ ਹੈ, ਜਿਹੜਾ ਕਦੀ ਮਿਟ ਨਹੀਂ ਸਕੇਗਾ ਤੇ ਚਿਰ ਸਥਾਈ ਹੋਵੇਗਾ। ਇਸ ਤੋਂ ਪਹਿਲਾਂ ਬੂਰਬੋਂ ਸ਼ਾਸਕਾਂ ਦੇ ਅਧੀਨ ਫਰਾਂਸ ਦੀ ਨਿਆਂ ਪ੍ਰਣਾਲੀ ਦੋਸ਼ਪੂਰਨ ਸੀ। ਕਾਨੂੰਨ ਅਸ਼ਪੱਸ਼ਟ ਤੇ ਗੁੰਝਲਦਾਰ ਸਨ। ਨੈਪੋਲੀਅਨ ਨੇ ਪਹਿਲੇ ਕਾਂਸਲ ਦੀ ਪਦਵੀ ਸੰਭਾਲਦੇ ਸਾਰ ਹੀ ਕਾਨੂੰਨਾਂ ਨੂੰ ਨਿਯਮਬੱਧ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ।

1. ਸਿਵਲ ਕੋਡ (Civil Code) :- ਸਿਵਲ ਕੋਡ ਦੀ ਰੂਪ ਰੇਖਾ ਤਿਆਰ ਕਰਨ ਲਈ ਚਾਰ ਕਾਨੂੰਨ ਦੇ ਮਾਹਿਰ ਵਿਅਕਤੀਆਂ ਦੀ ਕਮੇਟੀ ਬਣਾਈ ਗਈ, ਜਿਸ ਨੂੰ ਇਹ ਕੰਮ ਪੰਜ ਮਹੀਨੇ ਵਿੱਚ ਪੂਰਾ ਕਰਨ ਦਾ ਕੰਮ ਦਿੱਤਾ ਗਿਆ। ਰਾਜ ਪ੍ਰੀਸ਼ਦ ਦੀਆਂ 87 ਬੈਠਕਾਂ ਵਿੱਚ ਇਸ ਖਰੜੇ ਨੂੰ ਵਿਚਾਰਿਆ ਗਿਆ। ਜਿਨ੍ਹਾਂ ਵਿੱਚੋਂ 35 ਬੈਠਕਾਂ ਦੀ ਪ੍ਰਧਾਨਗੀ ਨੈਪੋਲੀਅਨ ਨੇ ਖੁਦ ਕੀਤੀ। ਇਸ ਤਰ੍ਹਾਂ ਕਾਫ਼ੀ ਵਿਚਾਰ ਵਟਾਂਦਰੇ ਬਾਅਦ ਸਿਵਲ ਕੋਡ ਤਿਆਰ ਹੋ ਗਿਆ।

sbp Where Life Changes
Scanned with Cam

Date: S M T W T F S

ਇਹ ਕੋਡ ਬਹੁਤ ਸਪੱਸ਼ਟ, ਸੰਖੇਪ ਅਤੇ ਸਿਲਸਿਲੇ ਵਾਰ ਨਿਯਮਾਂ ਦਾ ਸੰਗ੍ਰਹਿ ਸੀ। ਨੈਪੋਲੀਅਨ ਦਾ ਵਿਚਾਰ ਸੀ ਕਿ ਇਨ੍ਹਾਂ ਕਾਨੂੰਨਾਂ ਨੂੰ ਐਨਾ ਸਰਲ ਬਣਾਇਆ ਜਾਵੇ ਤਾਂ ਕਿ ਆਮ ਨਾਗਰਿਕ ਵੀ ਇਸਨੂੰ ਪੜ੍ਹ ਤੇ ਸਮਝ ਸਕਣ।

- ਇਸ ਕੋਡ ਅਨੁਸਾਰ ਨਾਗਰਿਕ ਅਧਿਕਾਰਾਂ ਦੀ ਸਮਾਨਤਾ ਤੇ ਸੁਤੰਤਰਤਾ ਕਾਇਮ ਕੀਤੀ ਗਈ।
- ਇਸ ਕੋਡ ਵਿੱਚ ਪਿਤਾ ਪੁਰਖੀ ਪਰਿਵਾਰਾਂ ਨੂੰ ਮਾਨਤਾ ਦਿੱਤੀ ਗਈ ਅਤੇ ਪਿਤਾ ਦੀ ਸਰਵਉੱਚਤਾ ਕਾਇਮ ਕਰਨ ਦਾ ਯਤਨ ਕੀਤਾ ਗਿਆ।
- ਪਰਿਵਾਰ ਦੇ ਸਾਰੇ ਮੈਂਬਰਾਂ ਲਈ ਪਿਤਾ ਦੀ ਆਗਿਆਪਾਲਣ ਕਰਨਾ ਲਾਜ਼ਮੀ ਕਰ ਦਿੱਤਾ ਗਿਆ।
- ਪਿਤਾ ਬੱਚਿਆਂ ਨੂੰ ਛੇ ਮਹੀਨਿਆਂ ਤੱਕ ਕੈਦ ਕਰਵਾ ਸਕਦਾ ਸੀ ਅਤੇ 18 ਸਾਲਾਂ ਤੱਕ ਉਹ ਬੱਚਿਆਂ ਦੀ ਕਮਾਈ ਲੈਣ ਦਾ ਹੱਕਦਾਰ ਸੀ।
- ਵਿਆਹ ਲਈ ਪਿਤਾ ਦੀ ਪ੍ਰਵਾਨਗੀ ਜ਼ਰੂਰੀ ਕਰ ਦਿੱਤੀ ਗਈ।
- ਜਾਇਦਾਦ ਸਾਰੇ ਬੱਚਿਆਂ ਵਿੱਚ ਸਮਾਨ ਵੰਡ ਨੂੰ ਲਾਗੂ ਕੀਤਾ ਗਿਆ।
- ਪਤਨੀ ਨੂੰ ਪਤੀ ਦਾ ਪੂਰਨ ਰੂਪ ਵਿੱਚ ਵਫ਼ਾਦਾਰ ਰਹਿਣ ਲਈ ਆਖਿਆ ਗਿਆ। ਅਤੇ ਕੁਝ ਸ਼ਰਤਾਂ ਤੇ ਤਲਾਕ ਦੀ ਵਿਵਸਥਾ ਵੀ ਕੀਤੀ ਗਈ।
- ਨੈਪੋਲੀਅਨ ਦੇ ਕੋਡ ਮੁਤਾਬਿਕ ਇਸਤਰੀ ਨੂੰ ਪੁਰਸ਼ ਦੇ ਬਰਾਬਰ ਦਰਜਾ ਨਹੀਂ ਦਿੱਤਾ ਗਿਆ। ਉਹ ਕੋਈ ਸੰਪੱਤੀ ਖਰੀਦ ਜਾਂ ਵੇਚ ਨਹੀਂ ਸਕਦੀ ਸੀ।

2. **ਸਿਵਲ ਕਾਰਜ ਸਬੰਧੀ ਕੋਡ:-** (Code of Civil Procedure):-

ਨੈਪੋਲੀਅਨ 1804 ਈ. ਵਿੱਚ ਸਮਰਾਟ ਬਣ ਗਿਆ ਪਰ ਉਸਨੇ ਕਾਨੂੰਨਾਂ ਨੂੰ ਨਿਯਮ ਬੱਧ ਕਰਨਾ ਜਾਰੀ ਰੱਖਿਆ। 1806 ਈ. ਵਿੱਚ ਉਸਨੇ ਸਿਵਲ ਕਾਰਜ ਸਬੰਧੀ ਦੂਜਾ ਕੋਡ ਤਿਆਰ ਕੀਤਾ। ਇਸ ਕੋਡ ਵਿੱਚ ਮੁਕੱਦਮਾ

sbp With Life Changes
Scanned with Cam

ਦਾਇਰ ਕਰਨ ਤੋਂ ਪਹਿਲਾਂ ਸਮਝੌਤਾ ਕਰਨ ਤੇ ਜ਼ੋਰ ਦਿੱਤਾ ਗਿਆ, ਇਸ ਵਿੱਚ ਭਿੰਨ ਭਿੰਨ ਅਪਰਾਧਾਂ ਲਈ ਸਜ਼ਾਵਾਂ ਦਾ ਵਰਨਣ ਕੀਤਾ ਗਿਆ, ਇਸ ਇਸ ਤੋਂ ਬਿਨਾਂ ਇਸ ਵਿੱਚ ਅਪਰਾਧੀਆਂ ਦੁਆਰਾ ਵਕੀਲਾਂ ਦੀ ਸਹਾਇਤਾ ਲੈਣ, ਗਵਾਹ ਪੇਸ਼ ਕਰਨ, ਜਿਊਰੀ ਦੁਆਰਾ ਮੁਕੱਦਮੇ ਦੇ ਫੈਸਲੇ ਕਰਨ ਤੇ ਗਸ਼ਤੀ ਅਦਾਲਤਾਂ ਦੀ ਸਥਾਪਨਾ ਕਰਨ ਬਾਰੇ ਸਪੱਸ਼ਟ ਰੂਪ ਵਿੱਚ ਲਿਖਿਆ ਗਿਆ।

3. ਫੌਜਦਾਰੀ ਕਾਰਜ ਵਿਧੀ ਸਬੰਧੀ ਕੋਡ (Code of Criminal Procedure)
ਇਹ ਨੈਪੋਲੀਅਨ ਦੀ ਦਾ ਤੀਜਾ ਕੋਡ ਸੀ ਜੋ ਕਿ 1808 ਈ: ਵਿੱਚ ਤਿਆਰ ਹੋਇਆ। ਇਹ ਫੌਜਦਾਰੀ ਕਾਰਜ ਸਬੰਧੀ ਲਿਖਿਆ ਗਿਆ ਸੀ, ਇਸ ਵਿੱਚ ਦੇਸ਼ ਧਰੋਹੀਆਂ, ਬਾਗੀਆਂ ਤੇ ਸਰਕਾਰ ਵਿਰੋਧੀ ਦੋਸ਼ੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਜ਼ਾਵਾਂ ਬਾਰੇ ਲਿਖਿਆ। ਮੌਤ ਦੀ ਸਜ਼ਾ ਕਿਸੇ ਗੰਭੀਰ ਅਪਰਾਧ ਲਈ ਦੇਣ ਦੀ ਆਗਿਆ ਦਿੱਤੀ ਗਈ।

4. ਵਪਾਰਕ ਕੋਡ (Code of Commerce):- ਇਸ ਵਿੱਚ ਅੰਦਰੂਨੀ ਤੇ ਵਿਦੇਸ਼ੀ ਵਪਾਰ, ਵਪਾਰਿਕ ਸੰਸਥਾਵਾਂ, ਦੀਵਾਲੀਏਪਣ ਤੇ ਵਪਾਰੀਆਂ ਨੂੰ ਸਹੂਲਤਾਂ ਸਬੰਧੀ ਨਿਯਮ ਹਨ।

5. ਦੰਡ ਨਾਲ ਸਬੰਧਿਤ ਕੋਡ (Penal Code):- ਇਹ ਨੈਪੋਲੀਅਨ ਦਾ ਪੰਜਵਾਂ ਤੇ ਅੰਤਿਮ ਕੋਡ ਸੀ ਜੋ 1810 ਈ: ਵਿੱਚ ਤਿਆਰ ਕੀਤਾ ਗਿਆ। ਇਸ ਵਿੱਚ ਵੱਖ ਵੱਖ ਅਪਰਾਧਾਂ ਲਈ ਮੌਤ ਦਾ ਸਜ਼ਾ, ਉਮਰ ਕੈਦ, ਦੇਸ਼ ਨਿਕਾਲਾ ਤੇ ਜਾਇਦਾਦ ਜ਼ਬਤ ਕਰਨ ਆਦਿ 17 ਦੰਡਾਂ ਦਾ ਵਿਸਥਾਰਪੂਰਵਕ ਵਰਨਣ ਕੀਤਾ ਗਿਆ।

ਨੈਪੋਲੀਅਨ ਦੇ ਕੋਡ ਉਸਦੀ ਨਾ ਸਿਰਫ਼ ਫਰਾਂਸ ਨੂੰ ਸਗੋਂ ਦੁਨੀਆਂ ਨੂੰ ਮਹੱਤਵਪੂਰਨ ਦੇਣ ਮੰਨੀ ਜਾਂਦੀ ਹੈ, ਕਿਉਂਕਿ ਇਹ ਕਾਨੂੰਨ ਫਰਾਂਸੀਸੀਆਂ ਦੇ ਜੀਵਨ ਦਾ ਆਧਾਰ ਬਣੇ। ਪਰ ਕਈ ਇਤਿਹਾਸਕਾਰਾਂ ਨੇ ਨੈਪੋਲੀਅਨ ਦੇ ਕੋਡਾਂ ਦੀ ਆਲੋਚਨਾ

Scanned with Cam

Date: S M T W T F S

ਕੀਤੀ ਹੈ। ਉਹਨਾਂ ਨੇ ਨੈਪੋਲੀਅਨ ਦੇ ਸਿਵਲ ਕੋਡ ਨੂੰ "ਕਾਹਲੀ ਵਿੱਚ ਤਿਆਰ ਕੀਤੀ ਗਈ ਇੱਕ ਇਮਾਰਤ ਤੇ ਕਾਨੂੰਨ ਦੀ ਇੱਕ ਛੋਟੀ ਜਿਹੀ ਕਿਤਾਬ" ਕਹਿ ਕੇ ਨਿੰਦਿਆ ਹੈ।

"The Code Napoleon, as printed in 1810 contained less ~~that~~ than 120,000 words and could be carried in the pocket." J.M. Thompson.

ਪਰ ਇਨ੍ਹਾਂ ਸਾਰੇ ਦੋਸ਼ਾਂ ਦੇ ਬਾਵਜੂਦ ਵੱਖ-ਵੱਖ ਕੋਡ ਬਣਾਉਣਾ ਨੈਪੋਲੀਅਨ ਦੀ ਇੱਕ ਸਲਾਘਾਯੋਗ ਪ੍ਰਾਪਤੀ ਮੰਨੀ ਜਾਂਦੀ ਹੈ।

ਐੱਚ. ਏ. ਐੱਲ. ਫਿਸ਼ਰ ਦੇ ਕਥਨ ਅਨੁਸਾਰ, "ਸਿਵਲ ਕੋਡ ਦਾ ਅਧੂਰਾ ਹੋਣਾ ਕੋਡ ਦੇ ਨਾ ਹੋਣ ਤੋਂ ਚੰਗਾ ਹੈ। ਜੇ ਉਸ ਸਮੇਂ ਇਹ ਕੰਮ ਨਾ ਹੋਇਆ ਹੁੰਦਾ ਤਾਂ ਫਰਾਂਸ ਅੱਜ ਇਨ੍ਹਾਂ ਕਾਨੂੰਨਾਂ ਤੋਂ ਵਾਂਝਿਆ ਹੀ ਹੁੰਦਾ।"

"Yet however imperfect the civil code may be, it is better than no code at all; and had the work not been done and as it was, France might be codeless to this day." H.A.L. Fisher.

ਨੈਪੋਲੀਅਨ ਨੇ ਆਪਣੇ ਆਖਰੀ ਦਿਨਾਂ ਵਿੱਚ ਸੇਂਟ ਹੇਲੇਨਾ ਦੇ ਟਾਪੂ ਤੇ ਆਪ ਕਿਹਾ ਸੀ, "ਮੇਰੀ ਅਸਲੀ ਸ਼ਾਨ ਮੇਰੀਆਂ ਲੜਾਈਆਂ ਵਿੱਚ ਭਾਰੂ ਜਿੱਤਾਂ ਨਹੀਂ ਸਗੋਂ ਜਿਹੜੀ ਚੀਜ਼ ਕਦੇ ਵੀ ਨਹੀਂ ਮਿਟਾਈ ਜਾ ਸਕੇਗੀ ਅਤੇ ਜੋ ਸਦਾ ਲਈ ਕਾਇਮ ਰਹੇਗੀ, ਉਹ ਹੈ ਮੇਰਾ ਸਿਵਲ ਕੋਡ।"

ਬਹੁਤ ਸਾਰੇ ਦੇਸ਼ਾਂ ਨੇ ਜਿਵੇਂ ਕਿ ਬੈਲਜੀਅਮ, ਹਾਲੈਂਡ, ਸਵਿਟਜ਼ਰਲੈਂਡ,

sbp' Where Life Changes

Scanned with Cam

~~ਇਟਲੀ ਤੇ ਜਰਮਨੀ ਦੇ ਲੋਕਾਂ ਨੇ ਇਨ੍ਹਾਂ ਕਾਨੂੰਨਾਂ ਤੋਂ ਪ੍ਰੇਰਣਾ ਲਈ।~~

ਫੈਲਿਕਸ ਮਾਰਖਮ ਦੇ ਅਨੁਸਾਰ," ਇਹ ਕੋਡ ਇੱਕ ਜਹਾਜ਼ ਸਮਾਨ ਸੀ, ਜਿਸ ਰਾਹੀਂ ਫਰਾਂਸੀਸੀ ਕ੍ਰਾਂਤੀ ਦੇ ਸਿਧਾਂਤ ਯੂਰਪੀ ਦੇਸ਼ਾਂ ਨੂੰ ਨਿਰਯਾਤ ਕੀਤੇ ਗਏ।"

"The Code was a vessel in which the Principles of the French Revolution were exported to Europe." – Felix Markham.

**ਸਿੱਖਿਆ ਸਬੰਧੀ ਸੁਧਾਰ (Educational Reforms):-** ਨੈਪੋਲੀਅਨ

ਇੱਕ ਚੰਗੀ ਸਿੱਖਿਆ ਪ੍ਰਣਾਲੀ ਨੂੰ ਦੇਸ਼ ਦੀ ਉੱਨਤੀ ਅਤੇ ਰਾਸ਼ਟਰੀ ਭਾਵਨਾ ਦੇ ਵਿਕਾਸ ਲਈ ਜ਼ਰੂਰੀ ਸਮਝਦਾ ਸੀ। Thompson ਦਾ ਕਹਿਣਾ ਸੀ, "ਕਿ ਜੇ ਤੁਸੀਂ ਸਿੱਖਿਆ ਦੀਆਂ ਸਮੱਸਿਆਵਾਂ ਦਾ ਹੱਲ ਲੱਭ ਲਵੋਗੇ ਤਾਂ ਇਹ ਤੁਹਾਡੀਆਂ ਸਭ ਸਮੱਸਿਆਵਾਂ ਦਾ ਹੱਲ ਲੱਭ ਲਵੇਗੀ।" ਉਸ ਨੂੰ ਪਤਾ ਸੀ ਕਿ ਸ਼ਕਤੀਸ਼ਾਲੀ ਸਮਾਜ ਦਾ ਨਿਰਮਾਣ ਕਰਨ ਲਈ ਚੰਗੇ ਸੈਨਿਕਾਂ ਦੇ ਨਾਲ-ਨਾਲ ਯੋਗ ਪ੍ਰਬੰਧਕਾਂ, ਇੰਜੀਨੀਅਰ, ਡਾਕਟਰਾਂ, ਜੱਜਾਂ, ਵਿਦਵਾਨਾਂ ਅਤੇ ਸਾਇੰਸਦਾਨਾਂ ਦੀ ਲੋੜ ਪਵੇਗੀ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਉਸਨੇ ਚੰਗੀ ਸਿੱਖਿਆ ਪ੍ਰਣਾਲੀ ਲਾਗੂ ਕੀਤੀ। ਜਿਸ ਦੀਆਂ ਵਿਸ਼ੇਸ਼ਤਾਈਆਂ ਇਸ ਤਰ੍ਹਾਂ ਹਨ:-

- ਹਰ ਕਮਿਊਨ ਵਿੱਚ ਪ੍ਰਾਇਮਰੀ ਸਕੂਲ ਖੋਲ੍ਹੇ ਗਏ, ਇਹਨਾਂ ਦੀ ਨਿਗਰਾਨੀ ਦਾ ਕੰਮ ਪ੍ਰੀਫੈਕਟ ਤੇ ਉਪ-ਪ੍ਰੀਫੈਕਟ ਨੂੰ ਸੌਂਪਿਆ ਗਿਆ।

Scanned with Cam

- ਸੈਕੰਡਰੀ ਅਤੇ ਗਰਾਮਰ ਸਕੂਲਾਂ ਦੀ ਸਥਾਪਨਾ ਕੀਤੀ ਗਈ ਜੋ ਪੂਰੀ ਤਰ੍ਹਾਂ ਕੇਂਦਰੀ ਸਰਕਾਰ ਦੇ ਅਧੀਨ ਸਨ।
- ਸਾਰੇ ਪ੍ਰਸਿੱਧ ਸ਼ਹਿਰਾਂ ਵਿੱਚ ਹਾਈ ਸਕੂਲਾਂ (Lycees) ਦੀ ਸਥਾਪਨਾ ਕੀਤੀ ਗਈ, ਜਿਨ੍ਹਾਂ ਵਿੱਚ ਸਿੱਖਿਆ ਦੇਣ ਲਈ ਸਰਕਾਰੀ ਅਧਿਆਪਕ ਨਿਯੁਕਤ ਕੀਤੇ ਗਏ।
- 1808 ਈ: ਵਿੱਚ ਪੈਰਿਸ ਵਿਖੇ ਇੰਪੀਰੀਅਲ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ, ਜਿਸਦਾ ਮਨੋਰਥ ਦੇਸ਼ ਦੇ ਸਿੱਖਿਅਕ ਢਾਂਚੇ ਵਿੱਚ ਇਕਰੂਪਤਾ ਲਿਆਉਣਾ ਸੀ। ਯੂਨੀਵਰਸਿਟੀ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਵਿਅਕਤੀ ਜਾਂ ਸੰਸਥਾ ਕੋਈ ਵੀ ਪ੍ਰਾਈਵੇਟ ਸਕੂਲ ਜਾਂ ਕਾਲਜ ਨਹੀ ਖੋਲ੍ਹ ਸਕਦੀ ਸੀ। ਇਸਦੇ ਮੁੱਖ ਅਧਿਕਾਰੀਆਂ ਦੀ ਨਿਯੁਕਤੀ ਪਹਿਲੇ ਕਾਂਸਲ ਦੁਆਰਾ ਕੀਤੀ ਜਾਂਦੀ ਸੀ।
- ਅਧਿਆਪਕਾਂ ਦੀ ਸਿੱਖਿਆ ਲਈ ਨਾਰਮਲ ਸਕੂਲ, ਤਕਨੀਕੀ ਸਕੂਲ, ਪਬਲਿਕ ਸਕੂਲ ਤੇ ਸੈਨਿਕ ਸਕੂਲ ਖੋਲ੍ਹੇ ਗਏ।
- ਸਾਰੇ ਸਕੂਲਾਂ ਨੂੰ ਇਹ ਆਦੇਸ਼ ਦਿੱਤਾ ਗਿਆ ਕਿ ਬੱਚਿਆਂ ਨੂੰ ਇਸ ਤਰ੍ਹਾਂ ਦੀ ਸਿੱਖਿਆ ਦਿੱਤੀ ਜਾਵੇ ਕਿ ਉਨ੍ਹਾਂ ਵਿੱਚ ਕੈਥੋਲਿਕ ਧਰਮ ਪ੍ਰਤੀ ਸ਼ਰਧਾ ਅਤੇ ਦੇਸ਼ ਦੇ ਮੁਖੀ ਪ੍ਰਤੀ ਵਫ਼ਾਦਾਰੀ ਦੀ ਭਾਵਨਾ ਪੈਦਾ ਹੋਵੇ।
- ਜਾਰਜ ਰੂਡੇ ਦੇ ਕਥਨ ਅਨੁਸਾਰ ਨੈਪੋਲੀਅਨ ਨੂੰ ਇਸਤਰੀਆਂ ਵਿੱਚ ਉਚੇਰੀ ਸਿੱਖਿਆ ਰਾਹੀ ਚੇਤੰਨਤਾ ਜਾਂ ਤਰਕਸ਼ਕਤੀ ਲਿਆਉਣ ਦੇ ਪੱਖ ਵਿੱਚ ਨਹੀ ਸੀ। ਉਹ ਇਸਤਰੀਆਂ ਲਈ ਸਿਰਫ਼ ਇਸ ਤਰ੍ਹਾਂ ਦੀ ਸਿੱਖਿਆ ਦਾ ਪ੍ਰਬੰਧ ਕਰਨਾ ਚਾਹੁੰਦਾ ਸੀ ਜਿਸ ਨਾਲ ਉਹ ਚੰਗੀਆਂ ਮਾਵਾਂ ਤੇ ਚੰਗੀਆਂ ਪਤਨੀਆਂ ਬਣ ਸਕਣ। ਨੈਪੋਲੀਅਨ ਸਾਂਝੀ ਸਿੱਖਿਆ ਦੇ ਵੀ ਵਿਰੁੱਧ ਸੀ।

sbp Where Life Changes
Scanned with Can

ਨੈਪੋਲੀਅਨ ਦੇ ਅਨੇਕਾਂ ਜਤਨ ਕਰਨ ਦੇ ਬਾਵਜੂਦ ਉਸਦੇ ਬਹੁਤੇ ਦੇਸ਼ ਵਾਸੀ ਅਨਪੜ੍ਹ ਹੀ ਰਹੇ ਅਤੇ 1814-15 ਈ: ਤੱਕ ਅੱਧੀਆਂ ਤੋਂ ਵਧੇਰੀਆਂ ਸੰਸਥਾਵਾਂ ਚਰਚ ਦੇ ਅਧੀਨ ਸਨ।

**ਪ੍ਰੈੱਸ ਉੱਪਰ ਪ੍ਰਤੀਬੰਧ!-** ਨੈਪੋਲੀਅਨ ਛਾਪੇਖਾਨੇ ਦੀ ਸੁਤੰਤਰਤਾ ਦਾ ਸਖ਼ਤ ਵਿਰੋਧੀ ਸੀ, ਉਸਦੇ ਸ਼ਾਸਨ ਕਾਲ ਵਿੱਚ ਪ੍ਰੈਸ ਉੱਪਰ ਬਹੁਤ ਸਾਰੀਆਂ ਪਾਬੰਦੀਆਂ ਲੱਗੀਆਂ ਹੋਈਆਂ ਸਨ। ਸਾਰੀਆਂ ਕਿਤਾਬਾਂ ਛਪਣ ਤੋਂ ਪਹਿਲਾਂ ਉਹਨਾਂ ਦੀ ਪੜਤਾਲ ਕੀਤੀ ਜਾਂਦੀ ਸੀ। ਥਾਮਸ ਦੇ ਕਥਨ ਅਨੁਸਾਰ, "ਜਦੋਂ ਨੈਪੋਲੀਅਨ ਪਹਿਲਾ ਕੌਂਸਲ ਬਣਿਆ ਤਾਂ ਪੈਰਿਸ ਵਿੱਚ 73 ਅਖਬਾਰਾਂ ਸਨ ਪਰ 1800 ਈ: ਦੇ ਅੰਤ ਵਿੱਚ ਇਹਨਾਂ ਦੀ ਗਿਣਤੀ ਸਿਰਫ 09 ਰਹਿ ਗਈ।

ਨੈਪੋਲੀਅਨ ਦਾ ਵਿਚਾਰ ਸੀ ਕਿ, "ਮੈਂ ਇੱਕ ਲੱਖ ਤਲਵਾਰਾਂ ਤੋਂ ਵਧੇਰੇ ਤਿੰਨ ਵਿਰੋਧੀ ਅਖਬਾਰਾਂ ਤੋਂ ਡਰਦਾ ਹਾਂ।" ਉਹ ਕਿਹਾ ਕਰਦਾ ਸੀ ਕਿ ਜੇ ਮੈਂ ਪ੍ਰੈਸ ਨੂੰ ਪੂਰੀ ਤਾਕਤ ਦੇ ਦੇਵਾਂ ਤਾਂ ਮੇਰੀ ਤਾਕਤ ਤਿੰਨ ਦਿਨ ਤੋਂ ਵੱਧ ਨਹੀਂ ਰਹੇਗੀ। ਦੇਸ਼ ਵਿੱਚ ਥੀਏਟਰਾਂ ਉੱਤੇ ਵੀ ਕਰੜੀ ਨਿਗਰਾਨੀ ਰੱਖੀ ਜਾਂਦੀ ਸੀ। ਸਿੱਖਿਅਕ ਸੰਸਥਾਵਾਂ ਵਿੱਚ ਅਧਿਆਪਕਾਂ ਨੂੰ ਆਪਣੇ ਅਫ਼ਸਰਾਂ ਦੀ ਆਗਿਆ ਦਾ ਪਾਲਣ ਕਰਨ ਦੀ ਸਹੁੰ ਖਾਣੀ ਪੈਂਦੀ ਸੀ।

**ਲੋਕ ਭਲਾਈ ਦੇ ਕਾਰਜ!-** (Works of Public Utility)

ਨੈਪੋਲੀਅਨ ਨੇ ਲੋਕ ਭਲਾਈ, ਕਲਾ ਦੀ ਉੱਨਤੀ ਅਤੇ ਦੇਸ਼ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ।

- ਪੈਰਿਸ ਨੂੰ ਸੁੰਦਰ ਸੜਕਾਂ ਰਾਹੀਂ ਫਰਾਂਸ ਦੇ ਦੂਜੇ ਨਗਰਾਂ ਅਤੇ

ਇਟਲੀ ਦੇ ਪ੍ਰਸਿੱਧ ਸ਼ਹਿਰਾਂ ਤੂਰੀਨ, ਮਿਲਾਨ ਅਤੇ ਰੋਮ ਆਦਿ ਨਾਲ ਜੋੜ ਦਿੱਤਾ ਗਿਆ।

- ਨੈਪੋਲੀਅਨ ਨੇ ਪੁਰਾਣੀਆਂ ਨਹਿਰਾਂ ਦੀ ਮੁਰੰਮਤ ਕਰਵਾਈ ਅਤੇ ਨਵੀਆਂ ਨਹਿਰਾਂ ਦਾ ਨਿਰਮਾਣ ਕਰਵਾਇਆ। ਨਦੀਆਂ ਉੱਤੇ ਪੁਲ ਬਣਾਏ ਗਏ ਅਤੇ ਬੰਦਰਗਾਹਾਂ ਵਿੱਚ ਜਹਾਜ਼ਾਂ ਦੀ ਸੁਰੱਖਿਆ ਲਈ ਕਾਰਜ ਕੀਤੇ ਗਏ। ਇਸ ਨਾਲ ਫਰਾਂਸ ਦਾ ਵਿਕਾਸ ਤੇਜ਼ੀ ਨਾਲ ਹੋਣ ਲੱਗਾ।
- ਨੈਪੋਲੀਅਨ ਕਲਾ ਅਤੇ ਸਾਹਿਤ ਦਾ ਵੀ ~~ਬਹੁ~~ ਸਰਪ੍ਰਸਤ ਸੀ ਉਸਨੇ ਪੈਰਿਸ ਨੂੰ ਕੇਵਲ ਸੁੰਦਰ ਸੜਕਾਂ, ਭਵਨਾਂ ਅਤੇ ਪਾਰਕਾਂ ਨਾਲ ਹੀ ਨਹੀਂ ਸਜਾਇਆ ਸਗੋਂ ਇਟਲੀ, ਸਪੇਨ, ਬੈਲਜੀਅਮ ਆਦਿ ਦੇਸ਼ਾਂ ਤੋਂ ਪ੍ਰਾਪਤ ਕੀਤੀਆਂ ਗਈਆਂ ਹਜ਼ਾਰਾਂ ਮੂਰਤੀਆਂ, ਕਲਾ ਕਿਰਤੀਆਂ ਨਾਲ ਸਜਾਇਆ ਗਿਆ, ਜਿਸਦੇ ਨਤੀਜੇ ਵਜੋਂ ਪੈਰਿਸ ਯੂਰਪ ਦਾ ਸਭ ਤੋਂ ਸੁੰਦਰ ਸ਼ਹਿਰ ਬਣ ਗਿਆ।
- ਨੈਪੋਲੀਅਨ ਨੇ ਕਲਾ ਤੇ ਸਾਹਿਤ ਦੇ ਵਿਕਾਸ ਲਈ ਲੇਖਕਾਂ, ਸਾਹਿਤਕਾਰਾਂ, ਕਲਾਕਾਰਾਂ ਤੇ ਸ਼ਿਲਪਕਾਰਾਂ ਨੂੰ ਰਾਜ ਵੱਲੋਂ ਸੁਰੱਖਿਆ ਤੇ ਸਰਪ੍ਰਸਤੀ ਦਿੱਤੀ ਜਿਸ ਨਾਲ ਉਨ੍ਹਾਂ ਨੇ ਕਲਾ ਕਿਰਤੀਆਂ ਤੇ ਸ਼੍ਰੋਮਣੀ ਸਾਹਿਤ ਦੀ ਰਚਨਾ ਕੀਤੀ। ਭਾਵੇਂ ਉਸ ਸਮੇਂ ਦੇ ਪ੍ਰਸਿੱਧ ਸਾਹਿਤਕਾਰ ਉਸਦੇ ਕੱਟੜ ਵਿਰੋਧੀ ਹੀ ਰਹੇ।

<u>ਫੁਟਕਲ ਸੁਧਾਰ</u>:- (Miscellaneous Reforms):- ਨੈਪੋਲੀਅਨ ਨੇ ਉਪਰੋਕਤ ਸੁਧਾਰਾਂ ਤੋਂ ਇਲਾਵਾ ਕੁਝ ਫੁਟਕਲ ਸੁਧਾਰ ਵੀ ਕੀਤੇ ਜਿਨ੍ਹਾਂ ਨੂੰ ਉਹ ਦੇਸ਼ ਦੇ ਵਿਕਾਸ ਲਈ ਤੇ ਦੇਸ਼ ਨੂੰ ਅੱਗੇ ਵਧਾਉਣ ਲਈ ਜਰੂਰੀ ਸਮਝਦਾ ਸੀ

- ਸਭ ਤੋਂ ਪਹਿਲਾਂ ਉਸਨੇ 26 ਅਪ੍ਰੈਲ 1802 ਈ: ਨੂੰ ਇੱਕ ਐਲਾਨ ਕੀਤਾ, ਜਿਸ ਰਾਹੀਂ ਉਸਨੇ ਪਿਛਲੀਆਂ ਸਰਕਾਰਾਂ ਦੁਆਰਾ ਪਰਵਾਸੀਆਂ ਉੱਤੇ

sbp Where Life Changes

Scanned with Cam

ਲੱਗੀਆਂ ਪਾਬੰਦੀਆਂ ਹਟਾ ਦਿੱਤੀਆਂ ਅਤੇ ਉਨ੍ਹਾਂ ਨੂੰ ਫਰਾਂਸ ਆਉਣ ਲਈ ਪ੍ਰੇਰਿਤ ਕੀਤਾ, ਜਿਸਦੇ ਸਿੱਟੇ ਵਜੋਂ ਅਨੇਕਾਂ ਪਰਵਾਸੀ ਵਾਪਸ ਆ ਗਏ ਉਨ੍ਹਾਂ ਨਾਲ ਨਰਮ ਵਿਵਹਾਰ ਕੀਤਾ ਗਿਆ।

- ਨੈਪੋਲੀਅਨ ਦੇ ਸਮਾਨਤਾ ਦੇ ਸਿਧਾਂਤ ਕਰਕੇ ਹਜ਼ਾਰਾਂ ਲੋਕ ਆਪਣੀ ਵਫ਼ਾਦਾਰੀ, ਸਰਕਾਰ ਪ੍ਰਤੀ ਇਮਾਨਦਾਰੀ ਅਤੇ ਯੋਗਤਾ ਦੇ ਸਹਾਰੇ ਉੱਚੀਆਂ ਸਰਕਾਰੀ ਨੌਕਰੀਆਂ ਲੈਣ ਵਿੱਚ ਸਫਲ ਹੋਏ। ਉਸਦੇ ਵੱਡੇ ਵੱਡੇ ਜਰਨੈਲ ਵੀ ਸਧਾਰਨ ਪਰਿਵਾਰਾਂ ਨਾਲ ਸਬੰਧ ਰੱਖਦੇ ਸਨ। ਇਸ ਤੋਂ ਇਲਾਵਾ ਦੇਸ਼ ਵਾਸੀਆਂ ਵਿੱਚ ਦੇਸ਼ ਪ੍ਰਤੀ ਸ਼ਰਧਾ ਅਤੇ ਉਤਸ਼ਾਹ ਪੈਦਾ ਕਰਨ ਲਈ 'ਲੀਜਨ ਆਫ ਆਨਰ' ਨਾਮੀ ਉਪਾਧੀ ਦੀ ਸਥਾਪਨਾ ਕੀਤੀ। ਇਹ ਉਪਾਧੀ ਉਨ੍ਹਾਂ ਨਾਗਰਿਕਾਂ ਨੂੰ ਦਿੱਤੀ ਜਾਂਦੀ ਸੀ ਜੋ ਵਿਸ਼ੇਸ਼ ਸੂਰਬੀਰਤਾ ਦਾ ਪ੍ਰਮਾਣ ਦਿੰਦੇ ਸਨ।

ਸਿੱਟਾ :- (Conclusion) :- ਪਹਿਲੇ ਕਾਂਸਲ ਦੇ ਰੂਪ ਵਿੱਚ ਕੀਤੇ ਗਏ ਸੁਧਾਰਾਂ ਕਰਕੇ ਨੈਪੋਲੀਅਨ ਨੂੰ ਇਤਿਹਾਸ ਵਿੱਚ ਇੱਕ ਮਹਾਨ ਸੁਧਾਰਕ ਵਜੋਂ ਜਾਣਿਆ ਜਾਂਦਾ ਹੈ। ਆਪਣੇ ਪੰਜ ਸਾਲ ਦੇ ਥੋੜ੍ਹੇ ਸਮੇਂ ਵਿੱਚ ਉਸਨੇ ਫਰਾਂਸ ਵਿੱਚ ਸ਼ਾਂਤੀ, ਸੁਰੱਖਿਆ ਤੇ ਆਰਥਿਕ ਖੁਸ਼ਹਾਲੀ ਤੇ ਅਨੁਸ਼ਾਸਨ ਪੈਦਾ ਕੀਤਾ। ਚਰਚ ਤੇ ਸਰਕਾਰ ਵਿੱਚ ਚੱਲੀ ਜਾ ਰਹੀ ਦੁਸ਼ਮਣੀ ਦਾ ਅੰਤ ਵੀ ਨੈਪੋਲੀਅਨ ਦੇ ਸੁਧਾਰਾਂ ਦਾ ਹੀ ਸਿੱਟਾ ਸੀ। ਉਸ ਨੇ ਦੇਸ਼ ਵਿੱਚ ਖੇਤੀ ਵਪਾਰ ਅਤੇ ਉਦਯੋਗ ਦਾ ਵਿਕਾਸ ਕਰਕੇ ਦੇਸ਼ ਦੀ ਆਮਦਨ ਨੂੰ ਵਧਾਇਆ ਅਤੇ ਬੇਰੁਜ਼ਗਾਰੀ ਦਾ ਖਾਤਮਾ ਕੀਤਾ, ਉਸਨੇ ਸਾਰੇ ਨਾਗਰਿਕਾਂ ਨੂੰ ਬਿਨਾਂ ਭੇਦ-ਭਾਵ ਦੇ ਉੱਚੀਆਂ ਸਰਕਾਰੀ ਨੌਕਰੀਆਂ ਦੇਣ ਦੀ ਵਿਵਸਥਾ ਕੀਤੀ। ਕੋਈ ਵੀ ਯੋਗ

Where Life Changes
Scanned with Cam

Date:  S M T W T 16 S

ਨਾਗਰਿਕ ਆਪਣੀ ਯੋਗਤਾ, ਮਿਹਨਤ ਅਤੇ ਪਹਿਲੇ ਕਾਂਮਾਂ ਪ੍ਰਤੀ ਵਫ਼ਾਦਾਰੀ ਦੇ ਆਧਾਰ ਉੱਤੇ ਉੱਚੇ ਤੋਂ ਉੱਚੇ ਅਹੁਦੇ ਤੱਕ ਪਹੁੰਚ ਸਕਦਾ ਸੀ। ਦੇਸ਼ ਦੇ ਲੋਕਾਂ ਵਿੱਚ ਉਤਸ਼ਾਹ ਪੈਦਾ ਕਰਨ ਲਈ ਉਸਨੇ 'ਲੀਜ਼ਨ ਆਫ ਆਨਰ' ਉਪਾਧੀ ਦੀ ਸਥਾਪਨਾ ਕੀਤੀ। ਇਸ ਸਬੰਧ ਵਿੱਚ ਇਤਿਹਾਸਕਾਰ ਫਿਸ਼ਰ ਨੇ ਠੀਕ ਹੀ ਲਿਖਿਆ ਹੈ, "ਜੇ ਨੈਪੋਲੀਅਨ ਦੀਆਂ ਜਿੱਤਾਂ ਅਸਥਾਈ ਸਨ ਤਾਂ ਉਸਦਾ ਫਰਾਂਸ ਦੇ ਸਿਵਲ ਖੇਤਰ ਵਿੱਚ ਕੀਤਾ ਗਿਆ ਕੰਮ ਚਟਾਨ ਦੀ ਤਰ੍ਹਾਂ ਮਜ਼ਬੂਤ ਸੀ।"

Prof. Jaswinder Singh (H.O.D.)
Dr. Harminder Kaur
Dept. History
Akal Degree College
Mastuana Sahib

Scanned with Can